# ਜਮਾਤ–10+2
# ਵਿਸ਼ਾ–ਪੰਜਾਬੀ ਚੋਣਵੀਂ

## ਨਿੱਕੀ ਕਹਾਣੀ

ਨਿੱਕੀ ਕਹਾਣੀ ਆਧੁਨਿਕ ਸਾਹਿਤ ਦਾ ਇੱਕ ਪ੍ਰਮੁੱਖ ਰੂਪ ਹੈ। ਇਸ ਉੱਤੇ ਵੀ ਪੱਛਮ ਦਾ ਹੀ ਪ੍ਰਭਾਵ ਹੈ । ਐਡਗਰ ਐਲਨ ਪੋ ਨੇ ਨਿੱਕੀ ਕਹਾਣੀ ਦੀ ਪਰਿਭਾਸ਼ਾ ਦਿੰਦਿਆ ਲਿਖਿਆ ਹੈ , '' ਕਹਾਣੀ ਇੱਕ ਅਜਿਹੀ ਨਿੱਕੀ ਰਚਨਾ ਹੈ ਜਿਸਨੂੰ ਇੱਕੋ ਬੈਠਕ ਵਿੱਚ ਪੜਿਆ ਜਾ ਸਕੇ ਅਤੇ ਜੋ ਪਾਠਕਾਂ ਉੱਤੇ ਆਪਣਾ ਤਿੱਖਾ ਪ੍ਰਭਾਵ ਪਾ ਸਕੇ। ''

ਐਲਰੀ ਸੇਜਵਿਨ ਅਨੁਸਾਰ , " ਨਿੱਕੀ ਕਹਾਣੀ ਤਾਂ ਇੱਕ ਘੋੜ - ਦੌੜ ਵਾਂਗ ਹੈ ਜਿਸ ਵਿੱਚ ਅਰੰਤ ਅਤੇ ਅਰੰਭ ਮਹੱਤਵਪੂਰਨ ਹਨ ।

### ਕਹਾਣੀ ਦੇ ਤੱਤ

1. ਕਥਾ –ਵਸਤੂ :- ਕਹਾਣੀ ਦਾ ਪ੍ਰਮੁੱਖ ਤੱਤ ਕਥਾ-ਵਸਤੂ ਹੈ ਕਿਉਂਕਿ ਕਹਾਣੀ ਵਿਚ ਜੀਵਨ ਦਾ ਕੋਈ ਵੀ ਪੱਖ ਆਧਾਰ ਬੁਣਾਇਆ ਜਾ ਸਕਦਾ ਹੈ । ਇਸ ਲਈ ਕਹਾਣੀ ਵਿੱਚ ਹਰ ਪ੍ਰਕਾਰ ਦੇ ਵਿਸ਼ਿਆ ਨੂੰ ਲਿਆ ਸਕਦਾ ਹੈ ਜਿੰਨੀ ਕਹਾਣੀ ਦੀ ਕਥਾ-ਵਸਤੂ ਮਹਾਨ ਅਤੇ ਵਧੀਆ ਹੋਵੇਗੀ , ਉਨੀ ਹੀ ਕਹਾਣੀ ਉੱਤਮ ਬਣ ਸਕੇਗੀ ।

2. ਗੋਂਦ ਜਾਂ ਪਲਾਟ :- ਘਟਨਾਵਾਂ ਦੀ ਤਰਤੀਬ ਨੂੰ ਪਲਾਟ ਆਖਦੇ ਹਨ । ਕਹਾਣੀ ਅੰਦਰ ਕਿਸੇ ਪਲਾਟ ਜਾਂ ਗੋਂਦ ਦਾ ਹੋਣਾ ਜਰੂਰੀ ਹੈ ਪਰ ਖਾਲੀ ਘਟਨਾਵਾਂ ਦਾ ਸਮੂਹ ਪਲਾਟ ਦੀ ਸਿਰਜਨਾ ਨਹੀਂ ਕਰਦਾ । ਕਹਾਣੀ ਦਾ ਪਲਾਟ ਇਕਹਿਰਾ , ਉਤਸੁਕਤਾ ਭਰਪੂਰ ਅਤੇ ਰੌਚਕ ਹੋਣਾ ਚਾਹੀਦਾ ਕਹਾਣੀ ਦਾ ਆਰੰਭ ਇਸ ਪ੍ਰਕਾਰ ਕੀਤਾ ਜਾਵੇ ਕਿ ਆਰੰਭ ਤੋਂ ਹੀ ਪਾਠਕ ਦੀ ਦਿਲਚਸਪੀ ਉਸ ਵਿੱਚ ਪੈਦਾ ਹੋ ਜਾਵੇ। ਕਹਾਣੀ ਵਿੱਚ ਕੋਈ ਚੀਜ਼ ਫਾਲਤੂ ਨਹੀਂ ਹੋਣੀ ਚਾਹੀਦੀ।

3 ਪਾਤਰ  ਤੇ ਪਾਤਰ ਉਸਾਰੀ :-ਨਾਟਕ ਅਤੇ ਨਾਵਲ ਵਾਂਗ ਕਹਾਣੀ ਵਿੱਚ ਵੀ ਪਾਤਰ ਉਸਾਰੀ ਕੀਤੀ ਜਾਂਦੀ ਹੈ। ਕਹਾਣੀ ਭਾਵੇਂ ਕਿਸੇ ਕਿਸਮ ਦੀ ਹੋਵੇ ਉਸ ਵਿੱਚ ਪਾਤਰ ਚਿਤਰਨ ਦਾ ਮਹੱਤਵ ਨਿਰੰਤਰ ਰੂਪ ਵਿੱਚ ਕਾਇਮ ਰਹਿੰਦਾ ਹੈ। ਕਹਾਣੀ ਵਿੱਚ ਪਾਤਰ ਹਾਲਤ ਅਨੁਸਾਰ ਬਦਲਣ ਵਾਲੇ ਹੋਣੇ ਚਾਹੀਦੇ ਹਨ। ਕਹਾਣੀ ਵਿੱਚ ਨਾਵਲ ਵਾਂਗ ਪਾਤਰ-ਉਸਾਰੀ ਦੀ ਗੁੰਜਾਇਸ਼ ਘੱਟ ਹੁੰਦੀ ਹੈ।

4.ਬੋਲੀ ਤੇ ਵਾਰਤਾਲਾਪ :- ਜਿਸ ਭਾਸ਼ਾ ਵਿੱਚ ਕਹਾਣੀ ਵਿਚਲਾ ਬਿਰਤਾਂਤ , ਘਟਨਾਵਾਂ ,ਪਾਤਰਾਂ ਦਾ ਲੇਖਕ ਵੱਲੋ ਚਿਤਰਨ ਕੀਤਾ ਜਾਂਦਾ ਹੈ , ਉਸਨੂੰ ਬੋਲੀ ਆਖਦੇ ਹਨ । ਕਹਾਣੀ  ਦੀ ਭਾਸ਼ਾ ਸਰਲ , ਸ਼ੁੱਧ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ । ਸ਼ਬਦਾਂ ਦੀ ਢੁੱਕਵੀਂ ਵਰਤੋਂ ਭਾਸ਼ਾ ਵਿੱਚ ਇੱਕ ਖ਼ਾਸ ਕਿਸਮ ਦਾ ਸੁਹਜ ਪੈਦਾ ਕਰ ਦਿੰਦੀ ਹੈ , ਜੋ ਇੱਕ ਸਫ਼ਲ ਕਹਾਣੀ ਲਈ ਬਹੁਤ ਜ਼ਰੂਰੀ ਹੈ ।        ਪਾਤਰਾਂ ਦੀ ਆਪਸੀ ਗੱਲ-ਬਾਤ ਨੂੰ ਵਾਰਤਾਲਾਪ ਕਿਹਾ ਜਾਂਦਾ ਹੈ। ਕਹਾਣੀ ਵਿੱਚ ਵਾਰਤਾਲਾਪ ਕਈ ਕੰਮ ਕਰਦੀ ਹੈ । ਇਹ ਵਿਸ਼ੇ ਨੂੰ ਉਘਾੜਦੀ ਹੈ , ਕਥਾ- ਵਸਤੂ ਨੂੰ ਅੱਗੇ ਤੋਰਦੀ ਹੈ, ਪਾਤਰਾਂ ਦਾ ਚਰਿੱਤਰ ਚਿਤਰਨ ਉਭਾਰਦੀ ਹੈ , ਵਰਨਣ ਵਿੱਚ ਰੌਚਕਤਾ ਤੇ ਪ੍ਰਵਾਹ ਪੈਦਾ ਕਰਦੀ ਹੈ ਅਤੇ ਵਾਤਾਵਰਨ ਉਸਾਰਨ ਵਿੱਚ ਸਹਾਇਤਾ ਕਰਦੀ ਹੈ।

**5 ਸ਼ੈਲੀ:-** ਕਹਿਣ ਦੇ ਢੰਗ ਜਾਂ ਪ੍ਰਗਟਾਅ ਢੰਗ ਨੂੰ ਸੈ਼ਲੀ ਆ਼ਖਦੇ ਹਨ । ਕਹਾਣੀ ਵਿਚ ਕਹਾਣੀਕਾਰ ਦੀ ਸਖਸ਼ੀਅਤ  ਛੁੱਪੀ ਹੁੰਦੀ ਹੈ । ਇਹ ਇਸਦੀ ਸ਼ੈਲੀ ਵਿੱਚੋਂ ਵੇਖੀ ਜਾ ਸਕਦੀ ਹੈ।ਸ਼ੈਲੀ ਨੂੰ ਵਧੀਆਂ ਬਣਾਉਣ ਲਈ ਕਹਾਣੀਕਾਰ ਅੰਦਰ  ਵਰਨਣ ਸ਼ਕਤੀ ਬਹੁਤ ਹੀ ਜਿਆਦਾ ਜ਼ੋਰਦਾਰ ਹੋਣੀ ਚਾਹੀਦੀ ਹੈ ।

6. ਵਾਤਾਵਰਨ ਅਤੇ ਦੇਸਕਾ਼ਲ :-ਕਹਾਣੀ ਵਿੱਚ ਵਿੱਚ ਦ੍ਰਿਸ਼ ਚਿਤਰਨ ਅਤੇ ਵਾਤਾਵਰਨ ਦਾ ਆਪਣਾ ਸਥਾਨ ਹੈ । ਵਾਤਾਵਰਨ ਕਹਾਣੀ ਦਾ ਜ਼ਰੂਰੀ ਅਤੇ ਅਨਿੱਖੜਵਾਂ ਹਿੱਸਾ ਹੈ । ਕੋਈ ਕਹਾਣੀ ਵਾਤਾਵਰਨ ਤੋਂ ਬਿਨਾਂ ਨਹੀਂ ਲਿਖੀ ਜਾ ਸਕਦੀ। ਕਹਾਣੀ ਵਿੱਚ ਦੇਸ਼ ਕਾਲ ਅਤੇ ਵਾਤਾਵਰਨ ਦਾ ਚਿਤਰਨ ਸੁਭਾਵਿਕ , ਸੰਭਵ ਅਤੇ ਪਾਤਰਾਂ ਦੀ ਮਾਨਸਿਕ ਹਾਲਤ ਦੇ ਅਨੁਕੂਲ ਹੋਣਾ ਚਾਹੀਦਾ ਹੈ ।

7 .  ਉਦੇਸ਼ :-ਹੋਰ ਸਾਹਿਤ ਰੂਪਾਂ ਵਾਂਗ ਕਹਾਣੀ ਦਾ ਵੀ ਕੋਈ ਨਾ ਕੋਈ ਉਦੇਸ਼ ਹੁੰਦਾ ਹੈ । ਆਪਣੇ ਉਦੇਸ਼ ਦਾ ਪ੍ਰਗਟਾਵਾ ਲੇਖਕ ਘਟਨਾਵਾਂ ਦਾ ਪਾਤਰਾਂ ਦੇ ਕਾਰਜ ਦੁਆਰਾ ਕਰਦਾ ਹੈ। ਅਜੋਕੀ ਕਹਾਣੀ ਵਿੱਚ ਮਨੁੱਖੀ ਸੁਭਾਅ ਨੂੰ ਪੇਸ਼ ਕਰਨਾ ਕਹਾਣੀ ਦਾ ਵਿਸ਼ੇਸ਼ ਮੰਤਵ ਹੈ।  ਕਹਾਣੀ ਵਿਚ ਸੰਪੂਰਨ ਜ਼ਿੰਦਗੀ ਦੀ

ਵਿਆਖਿਆ ਨਾ ਕਰਕੇ ਜ਼ਿੰਦਗੀ ਦੇ ਕਿਸੇ ਇੱਕ ਪਹਿਲੂ ਉੱਤੇ ਇੱਕ ਖ਼ਾਸ ਨਜ਼ਰੀਏ ਨਾਲ ਚਾਨਣਾ ਪਾਇਆ ਜਾ ਸਕਦਾ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਕਹਾਣੀ ਗਲਪ ਸਾਹਿਤ ਦਾ ਉਹ ਰੂਪ ਹੈ ਜਿਸ ਅਨੇਕ ਪੱਖੀ ਜੀਵਨ ਦਾ ਕੇਵਲ ਇੱਕ ਪੱਖ ਦਰਸਾਇਆ ਹੁੰਦਾ ਹੈ। ਇੱਕ ਸਫ਼ਲ ਕਹਾਣੀ ਵਿੱਚ ਉੱਪਰ ਦਿੱਤੇ ਤੱਤਾਂ ਦਾ ਨਿਸਚਿਤ ਅਨੁਪਾਤ ਵਿੱਚ ਹੋਣਾ ਬਹੁਤ ਜ਼ਰੂਰੀ ਹੈ।ਇਨਾਂ ਵਿੱਚੋਂ ਕਿਸੇ ਤੱਤੋ ਦੀ ਅਣਹੋਂਦ ਨਾਲ ਕਹਾਣੀ ਸੰਭਵ ਨਹੀਂ ਹੋ ਸਕਦੀ।

ਪੰਜਾਬੀ ਦੇ ਪ੍ਰਮੁੱਖ ਕਹਾਣੀਕਾਰ ਸੰਤ ਸਿੰਘ ਸੇਖੋਂ , ਗੁਰਮੁਖ ਸਿੰਘ ਮੁਸਾਫ਼ਿਰ , ਸੁਜਾਨ ਸਿੰਘ , ਸੰਤੋਖ ਸਿੰਘ ਧੀਰ , ਕਰਤਾਰ ਸਿੰਘ ਦੁੱਗਲ , ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ,ਅਜੀਤ ਕੌਰ , ਗੁਰਬਚਨ ਸਿੰਘ ਭੁੱਲਰ , ਗਲੁਜਾਰ ਸਿੰਘ ਸੰਧੂ , ਗੁਲ ਚੌਹਾਨ, ਦਵਿੰਦਰ ਸਤਿਆਰਥੀ , ਪ੍ਰੇਮ ਪ੍ਰਕਾਸ਼ , ਮਨਿੰਦਰ ਕਾਂਗ , ਰਘਬੀਰ ਢੰਡ, ਮਹਿੰਦਰ ਸਿੰਘ ਸਰਨਾ , ਜਸਵੀਰ ਰਾਣਾ, ਬਲਦੇਵ ਸਿੰਘ , ਕੁਲਵੰਤ ਸਿੰਘ ਵਿਰਕ , ਬਲਦੇਵ ਸਿੰਘ , ਅਜਮੇਰ ਸਿੱਧੂ , ਕੇਸਰਾ ਰਾਮ, ਵੀਨਾ ਵਰਮਾ, ਗੁਰਬਖ਼ਸ਼ ਪ੍ਰੀਤਲੜੀ ,ਪ੍ਰੋ ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ ਆਦਿ ਹਨ।

**ਤਿਆਰ ਕਰਤਾ:**

**ਸੁਖਮੰਦਰ ਸਿੰਘ**
**ਲੈਕਚਰਾਰ ਪੰਜਾਬੀ, ਸਸਸਸ ਰਾਮੇਆਣਾ (ਫ਼ਰੀਦਕੋਟ)**

**ਸੰਦੀਪ ਸਿੰਘ ਚਹਿਲ**
**ਲੈਕਚਰਾਰ ਪੰਜਾਬੀ, ਸਸਸਸ ਸਰਾਵਾਂ (ਫ਼ਰੀਦਕੋਟ)**